بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 12.01.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਹਾਬਾ ਕਰਾਮ ਦੀ ਉਧਾਰਣ ਦੇਖ ਲਓ, ਵਾਸਤਵ ਵਿੱਚ ਸਹਾਬਾ ਕਰਮ ਦੇ ਨਮੂਨੇ ਅਜਿਹੇ ਹਨ ਕਿ ਸਰਿਆਂ ਨਬੀਆਂ ਦੀ ਉਧਾਰਣ ਹਨ । ਉਹਨਾਂ ਨੇ ਬਕਰੀਆਂ ਵਾਂਗ ਆਪਣੀਆਂ ਜਾਨਾ ਦਿੱਤੀਆਂ, ਸਹਾਬਾ ਕਰਾਮ ਦਾ ਗਿਰੋਹ ਉਹ ਅਜੀਬ ਗਿਰੋਹ ਸੀ ਜੋ ਸਨਮਾਨ ਯੋਗ ਤੇ ਪੈਰ੍ਹਵੀ ਯੋਗ ਸੀ । ਉਹਨਾਂ ਦਿਲ ਵਿਸ਼ਵਾਸ ਨਾਲ ਭਰੇ ਹੋਏ ਸਨ

ਕੁਰਅਨ ਸ਼ਰੀਫ਼ ਵਿੱਚ ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ ਜਿੰਨ੍ਹਾ ਨੂੰ ਨ ਕੋਈ ਵਪਾਰ ਅਤੇ ਨ ਕੋਈ ਲੈਂਣ ਦੇਣ ਰੱਬ ਦੇ ਸਿਮਰਣ ਤੋਂ ਗ਼ਾਫ਼ਲ ਕਰਦਾ ਹੈ ਇਹ ਇਕ ਆਇਤ ਸਹਾਬਾ ਦੇ ਹੱਕ ਵਿੱਚ ਬਹੁਤ ਹੈ ਕਿ ਉਹਨਾਂ ਨੇ ਵੱਡੀਆਂ ਵੱਡੀਆਂ ਤਬਦੀਲੀਆਂ ਕੀਤੀਆਂ ਸਨ

-----------------------------------

ਸਹਾਬਾ ਕਰਾਮ ਰਿਜ਼ਵਾਨੁਲੱਾਹ ਅਲੈਹਿਮ ਨੇ ਉਹ ਸਚੱਾ ਸੰਬੰਧ ਤੇ ਇਸ਼ਕ ਰੱਬ ਨਾਲ ਪੈਦਾ ਕਰ ਲਿਆ ਸੀ ਕਿ ਪ੍ਰਸ਼ਨ ਹੀ ਨਹੀਂ ਸੀ ਕਿ ਉਹ ਕਿਸੇ ਵੀ ਪ੍ਰਕਾਰ ਰੱਬ ਤੋਂ ਗ਼ਾਫ਼ਲ ਹੋਣ ਜਾਂ ਕਿਸੇ ਵੀ ਕੁਰਬਾਨੀ ਤੋਂ ਉਹ ਧੋਖਾ ਕਰਨ ਵਾਲੇ ਹੋਣ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 12 ਜਨਵਰੀ 2018 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ ਲੰਦਨ ਵਿੱਚ ਦਿੱਤਾ ।

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਪਵਿੱਤਰ ਸ਼ਕਤੀਆਂ ਦੀ ਚਰਚਾ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਮੇਰਾ ਧਰਮ ਇਹੋ ਹੈ ਕਿ ਆਪ ਸਲਲੱਾਹੁ ਅਲੈਹਿ ਵਸਲੱਮ ਦੀਆਂ ਪਵਿੱਤਰ ਸ਼ਕਤੀਆਂ ਅਜਿਹੀਆਂ ਸਨ ਕਿ ਕਿਸੇ ਹੋਰ ਨਬੀ ਨੂੰ ਦੁਨੀਆ ਵਿੱਚ ਨਹੀ ਮਿਲੀਆਂ । ਇਸਲਾਮ ਦੀ ਤਰੱਕੀ ਦਾ ਇਹੋ ਭੇਦ ਹੈ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੀ ਸੰਮੋਹਨ ਸ਼ਕਤੀ ਅਥਾਹ ਦੀ ਸੀ ਅਤੇ ਫਿਰ ਆਪ

ਦੀਆਂ ਗਲੱਾਂ ਵਿੱਚ ਉਹ ਪ੍ਰਭਾਵ ਸੀ ਕਿ ਜੋ ਸੁਣਦਾ ਸੀ ਉਹ ਆਪਦਾ ਪ੍ਰਸ਼ੰਸਕ ਹੋ ਜਾਂਦਾ ਸੀ । ਜਿੰਨ੍ਹਾ ਲੋਕਾਂ ਨੂੰ ਆਪਨੇ ਖਿੱਚਿਆ ਉਹਨਾਂ ਨੂੰ ਪਾਕ ਤੇ ਸਾਫ਼ ਕਰ ਦਿਤੱਾ ।

ਫਿਰ ਇਸ ਗੱਲ ਨੂੰ ਵਰਨਣ ਕਰਦਿਆਂ ਹੋਇਆਂ ਕਿ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਆਪਣੇ ਸਹਾਬਾ ਵਿੱਚ ਕਿਸ ਪ੍ਰਕਾਰ ਦੀਆਂ ਤਬਦੀਲੀਆਂ ਪੈਦਾ ਕੀਤੀਆਂ ਆਪ ਫ਼ਰਮਾਉਂਦੇ ਹਨ ਕਿ ਸਹਾਬਾ ਦੀ ਅਵਸਥਾ ਨੂੰ ਦੇਖਦੇ ਹਾਂ ਤਾਂ ਉਹਨਾਂ ਵਿੱਚ ਕੋਈ ਝੂਠ ਬੋਲਣ ਵਾਲਾ ਦਿਖਾਈ ਨਹੀਂ ਦਿੰਦਾ, ਜੱਦ ਕਿ ਅਰਬ ਦੀ ਆਰੰਭਕ ਅਵਸਥਾ'ਤੇ ਨਿਗਾਹ ਮਾਰੀਏ ਤਾਂ ਉਹ ਪਤਾਲ ਵਿੱਚ ਪਏ ਦਿਖਾਈ ਦਿੰਦੇ ਹਨ । ਬੁੱਤ ਪ੍ਰਸਤੀ ਵਿੱਚ ਗੜ੍ਹੁੰਦ ਸਨ, ਯਤੀਮਾ ਦਾ ਮਾਲ ਖਾਣ ਤੇ ਹਰ ਪ੍ਰਕਾਰ ਦੀਆਂ ਬਦਕਾਰੀਆਂ ਵਿੱਚ ਦਲੇਰ ਅਤੇ ਬੇਬਾਕ ਸਨ ਡਾਕੂਆਂ ਵਾਂਗ ਨਿਰਵਾਹ ਕਰਦੇ ਸਨ । ਸੰਭਵਤਾ ਸਿਰ ਤੋਂ ਪੈਰ੍ਹ ਤੱਕ ਗੰਦਗੀ ਵਿੱਚ ਗ਼ਰਕ ਸਨ । ਪਰੰਤੂ ਅਜਿਹਾ ਇਨਕਲਾਬ ਆਪ ਨੇ ਉਹਨਾਂ ਵਿੱਚ ਪੈਦਾ ਕੀਤਾ ਜਿਸ ਦੀ ਉਧਾਰਣ ਹੋਰਨਾ ਕੌਮਾ ਵਿੱਚ ਨਹੀਂ ਮਿਲਦੀ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਇਹ ਐਨ੍ਹਾ ਵਡੱਾ ਚਮਤਕਾਰ ਹੈ ਕਿ ਇਹੋ ਦੁਨੀਆ ਦੀਆਂ ਅਖੱਾਂ ਖੋਲਣ ਲਈ ਬਹੁਤ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਕ ਵਿਅਕਤੀ ਦਾ ਠੀਕ ਕਰਨਾ ਔਖਾ ਹੁੰਦਾ ਹੈ ਪਰ ਐਥੇ ਤਾਂ ਇਕ ਕੌਮ ਤਿਆਰ ਕੀਤੀ ਗਈ ਕਿ ਜਿੰਨ੍ਹਾ ਨੇ ਆਪਣੇ ਇਮਾਨ ਅਤੇ ਇਮਾਨਦਾਰੀ ਦਾ ਉਹ ਨਮੂਨਾ ਦਿਖਾਇਆ ਕਿ ਭੇਡਾਂ ਤੇ ਬਕਰੀਆਂ ਵਾਂਗ ਇਸ ਸਚੱਾਈ ਵਿੱਚ ਕੱਟੇ ਗਏ । ਰਸੂਲੁਲੱਾਹ ਸਲਲਾਹੁ ਅਲੈਹਿ ਵਸਲਮ ਦੀ ਸਿੱਖਿਆ, ਨਿਰਦੇਸ਼ ਤੇ ਢੁਕੱਵੀਂ ਨਸੀਹਤ ਨੇ ਉਹਨਾਂ ਨੂੰ ਆਕਾਸ਼ੀ ਬਣਾ ਦਿਤੱਾ, ਪਵਿੱਤਰ ਗੁਣ ਉਹਨਾਂ ਵਿੱਚ ਪੈਦਾ ਹੋ ਗਏ ਸਨ । ਇਹ ਉਹ ਨਮੂਨਾ ਹੈ ਜੋ ਅਸੀਂ ਇਸਲਾਮ ਦਾ ਦੁਨੀਆਂ ਦੇ ਸਾਹਮਣੇ ਪੇਸ਼ ਕਰਦੇ ਹਾਂ । ਇਸੇ ਇਸਲਾਮ ਅਤੇ ਹਿਦਾਇਤ ਦਾ ਸਬਬ ਸੀ ਜੋ ਰੱਬ ਨੇ ਭਵਿੱਖਬਾਣੀ ਦੇ ਰੂਪ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਨਾਂ ਮੁਹਮੱਦ ਰੱਖਿਆ ਜਿਸ ਨਾਲ ਧਰਤੀ'ਤੇ ਆਪ ਦੀ ਪ੍ਰਸ਼ੰਸਾ ਹੋਈ ਕਿਉਂਕਿ ਆਪ ਨੇ ਧਰਤੀ ਨੂੰ ਅਮਨ, ਸ਼ਾਂਤੀ, ਮਿਲਵਰਤਨ ਤੇ ਚੰਗੇ ਆਚਰਣਾ ਅਤੇ ਨੇਕ ਚਲਣੀ ਨਾਲ ਭਰ ਦਿਤੱਾ । ਸਹਾਬਾ ਦੇ ਅਸਾਧਾਰਣ ਅਸਥਾਨ ਤੇ ਅਸਾਧਾਰਣ ਤਬਦੀਲੀਆਂ ਪੈਦਾ ਹੋਣ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਮੌਕੇ ਫ਼ਰਮਾਉਂਦੇ ਹਨ ਕਿ :

ਸਹਾਬਾ ਦੀ ਉਧਾਰਣ ਦੇਖ ਲਓ, ਵਾਸਤਵ ਵਿੱਚ ਸਹਾਬਾ ਕਰਾਮ ਦੇ ਨਮੂਨੇ ਅਜਿਹੇ ਹਨ ਕੁਲ ਨਬੀਆਂ ਦੀ ਉਧਾਰਣ ਹਨ । ਰੱਬ ਨੂੰ ਤਾਂ ਕਰਮ ਹੀ ਪਸੰਦ ਹਨ ਉਹਨਾ ਨੇ ਬਕਰੀਆਂ ਵਾਂਗ ਆਪਣੀਆਂ ਜਾਨਾਂ ਦਿੱਤੀਆਂ ਅਤੇ ਉਹਨਾਂ ਦੀਆਂ ਉਧਾਰਣਾ ਅਜਿਹੀਆਂ ਹਨ ਜਿਵੇਂ ਨਬੁਵੱਤ ਦੀ ਇਕ ਬਣਤਰ ਹਜ਼ਰਤ ਆਦਮ ਤੋਂ ਚਲੀ ਆਉਂਦੀ ਹੈ ਪਰ ਸਮਝ ਨਹੀਂ ਆਉਂਦੀ ਸੀ ਇਸ ਦੀ, ਪਰ ਸਹਾਬਾ ਕਰਾਮ ਨੇ ਚਮਕਾ ਕੇ ਦਿਖਾ ਦਿਤੱਾ ਅਤੇ ਦੱਸ ਦਿਤੱਾ ਕਿ ਸਚੱਾਈ ਤੇ ਵਫ਼ਾਦਾਰੀ ਇਸੇ ਨੂੰ ਕਹਿੰਦੇ ਹਨ । ਫਿਰ ਜਿਹੋ ਜਿਹਾ ਬੇਆਰਾਮੀ ਦਾ ਜੀਵਨ ਉਹਨਾਂ ਨੇ ਬਤੀਤ ਕੀਤਾ, ਉਸ ਦਾ ਰੂਪ ਵੀ ਕਿਤੇ ਦਿਖਾਈ ਨਹੀਂ ਦਿੰਦਾ । ਸਹਾਬਾ ਕਰਾਮ ਦਾ ਸਮੂਹ ਅਜੀਬ ਸਮੂਹ ਸੀ, ਸ਼ਲਾਘਾ ਯੋਗ ਤੇ ਪੈਰ੍ਹਵੀ ਯੋਗ ਸਮੂਹ ਸੀ । ਉਹਨਾਂ ਦੇ ਦਿਲ ਵਿਸ਼ਵਾਸ ਨਾਲ ਭਰੇ ਹੋਏ ਸਨ । ਜੱਦ ਵਿਸ਼ਵਾਸ ਹੁੰਦਾ ਹੈ ਤਾਂ ਪਹਿਲਾਂ ਪਹਿਲ ਮਾਲ ਆਦਿ ਦੇਣ ਨੂੰ ਜੀ ਕਰਦਾ ਹੈ ਫਿਰ ਜੱਦ ਵੱਧ ਜਾਂਦਾ ਹੈ ਤਾਂ ਸਾਹਿਬੇ ਵਿਸ਼ਵਾਸ ਰੱਬ ਖ਼ਾਤਰ ਜਾਨ ਦੇਣ ਨੂੰ ਤਿਆਰ ਹੋ ਜਾਂਦਾ ਹੈ । ਫਿਰ ਸਹਾਬਾ ਦੀ ਵੱਡਿਆਈ ਵਰਨਣ ਕਰਦਿਆਂ ਹੋਇਆਂ ਇਕ ਮੌਕੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ (لَا تُلْهِيْهِمْ تِجَارَةٌ وَّلَا بَيْعٌ عَنْ ذِكْرِ اللّٰهِ) 'ਲਾ ਤੁਲਹੀਹਿਮ ਤਿਜਾਰਾਤੁੰਵ ਵਲਾ ਬੈਉਨ ਅਨ ਜ਼ਿਕਰਿਲੱਾਹਿ'

ਕੁਰਆਨ ਸ਼ਰੀਫ਼ ਵਿੱਚ ਰੱਬ ਫ਼ਰਮਾਉਂਦਾ ਹੈ ਕਿ ਜਿੰਨ੍ਹਾ ਨੂੰ ਨ ਕੋਈ ਵਪਾਰ ਅਤੇ ਨ ਕੋਈ ਲੈਂਣ ਦੇਣ ਰੱਬ ਦੇ ਸਿਮਰਣ ਤੋਂ ਗ਼ਾਫ਼ਲ ਕਰਦਾ ਹੈ । ਆਪ ਇਸ ਦੀ ਵਿਆਖਿਆ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਇਹ ਇਕ ਹੀ ਆਇਤ ਸਹਾਬਾ ਦੇ ਹੱਕ ਵਿੱਚ ਬਹੁਤ ਹੈ ਕਿ ਉਹਨਾਂ ਨੇ ਵੱਡੀਆਂ ਵੱਡੀਆਂ ਤਬਦੀਲੀਆਂ ਕੀਤੀਆਂ ਸਨ । ਚੇਤੇ ਰੱਖੋ ਖਾਨਾ ਬਦੋਸ਼ ਲੋਕ ਤੇ ਐਨ੍ਹੀ ਬਹਦੁਰੀ ਅਤੇ ਜੁਰੱਤ ! ਹੈਰਾਨੀ ਹੁੰਦੀ ਹੈ । ਫ਼ਰਮਾਉਂਦੇ ਹਨ ਕਿ ਉਹ ਅਜਿਹੇ ਮਹਾਪਰੁਸ਼ ਹਨ ਕਿ ਉਹਨਾਂ ਨੂੰ ਇਲਾਹੀ ਸਿਮਰਣ ਤੋਂ ਨ ਵਪਾਰ ਰੋਕ ਸਕੇ ਅਤੇ ਨ ਹੀ ਲੈਂਣ ਦੇਣ ਰੋਕ ਬਣਿਆਂ । ਅਰਥਾਤ ਇਲਹੀ ਪ੍ਰੇਮ ਵਿੱਚ ਅਜਿਹਾ ਕਮਾਲ ਰਖੱਦੇ ਹਨ ਕਿ ਸੰਸਾਰਕ ਰੁਝੇਵੇਂ ਭਾਵੇਂ ਕਿਸੇ ਵੀ ਪ੍ਰਕਾਰ ਦੇ ਹੋਣ ਉਹਨਾ ਦੇ ਹਾਲ ਵਿੱਚ ਰੋਕ ਨਹੀਂ ਹੋ ਸਕਦੇ ।

ਸੋ, ਸਹਾਬਾ ਕਰਾਮ ਰਿਜ਼ਵਾਨੁਲੱਾਹ ਅਲੈਹਿਮ ਨੇ ਉਹ ਸਚੱਾ ਸੰਬੰਧ ਤੇ ਇਸ਼ਕ ਰੱਬ ਨਾਲ ਪੈਦਾ ਕਰ ਲਿਆ ਸੀ ਕਿ ਪ੍ਰਸ਼ਨ ਹੀ ਨਹੀਂ ਸੀ ਕਿ ਉਹ ਕਿਸੇ ਪ੍ਰਕਾਰ ਵੀ ਰੱਬ ਤੋਂ ਗ਼ਾਫ਼ਲ ਹੋਣ ਜਾਂ ਕਿਸੇ ਵੀ ਕੁਰਬਾਨੀ ਤੋਂ ਉਹ ਪਿੱਛੇ ਹਟੱਣ ਵਾਲੇ ਹੋਣ । ਸਹਾਬਾ ਦੀਆਂ ਬਹੁਤ ਸਾਰੀਆਂ ਉਧਾਰਣਾ ਹਨ ।

ਹਜ਼ਰਤ ਖ਼ਬਾਬ ਬਿਨ ਅਲਅਰਤ ਬਾਰੇ ਆਉਂਦਾ ਹੈ ਕਿ ਜੱਦ ਉਹਨਾਂ ਦੇ ਦੇਹਾਂਤ ਦਾ ਸਮਾਂ ਨੇੜੇ ਆਇਆ ਤਾਂ ਉਹਨਾਂ ਨੇ ਆਪਣਾ ਕਫ਼ਨ ਦੇਖਣ ਲਈ ਮੰਗਵਾਇਆ ਅਤੇ ਉਹ ਇਕ ਵੱਧੀਆ ਕਪੜੇ ਦਾ ਕਫ਼ਨ ਸੀ ਆਪਣੇ ਸੰਬੰਧੀਆਂ ਨੂੰ ਕਿਹਾ ਕਿ ਐਨ੍ਹਾ ਉਮਦਾਹ ਕਫ਼ਨ ਮੈਨੂੰ ਦਿਓਗੇ ਅਤੇ ਰੋ ਪਏ ਅਤੇ ਕਹਿਣ ਲੱਗੇ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਚਾਚਾ ਹਜ਼ਰਤ ਹਮਜ਼ਾਹ ਨੂੰ ਇਕ ਚਾਦਰ ਕਫ਼ਲ ਲਈ ਮਿਲੀ ਸੀ ਅਤੇ ਉਹ ਵੀ ਐਨ੍ਹੀ ਛੋਟੀ ਕਿ ਪੈਰ੍ਹ ਢਕੱਦੇ ਸਨ ਤਾਂ ਸਿਰ ਨੰਗਾ ਹੋ ਜਾਂਦਾ ਸੀ ਸਿਰ ਢਕੱਦੇ ਸਨ ਤਾਂ ਪੈਰ੍ਹ ਨੰਗੇ ਹੋ ਜਾਂਦੇ ਸਨ, ਫਿਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਨਿਰਦੇਸ਼ ਉਪੱਰ ਪੈਰ੍ਹਾਂ ਨੂੰ ਘਾਹ ਨਾਲ ਢੱਕ ਦਿਤੱਾ ਗਿਆ । ਫ਼ਿਰ ਅਤਿਅੰਤ ਰੱਬ ਦੇ ਖ਼ੌਫ਼ ਨਾਲ ਕਹਿਣ ਲੱਗੇ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਜ਼ਮਾਨੇ ਵਿੱਚ ਮੈਂ ਇਕ ਦਿਨਾਰ ਜਾਂ ਦਿਰਹਮ ਦਾ ਵੀ ਮਾਲਕ ਨਹੀਂ ਸੀ ਅਤੇ ਅੱਜ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਫ਼ੈਜ਼ ਦੀਆਂ ਬਰਕਤਾਂ ਨਾਲ ਰੱਬ ਦੇ ਪੁਰਸਕਾਰਾਂ ਕਰਕੇ ਇਹਨਾਂ ਕੁਰਬਾਨੀਆਂ ਨੂੰ ਪਰਵਾਨ ਕਰਨ ਕਰਕੇ ਮੈਨੂੰ ਰੱਬ ਨੇ ਐਨ੍ਹੀ ਦੌਲਤ ਦਿੱਤੀ ਹੈ ਕਿ ਮੇਰੇ ਘਰ ਦੀ ਨੁਕੱਰ ਵਿੱਚ ਜੋ ਸੰਦੂਕ ਪਿਆ ਹੈ ਉਸ ਵਿੱਚ ਚਾਲ੍ਹੀ ਹਜ਼ਾਰ ਦਿਰਹਮ ਪਏ ਹੋਏ ਹਨ । ਕਹਿਣ ਲੱਗੇ ਕਿ ਰੱਬ ਨੇ ਐਨ੍ਹਾ ਦਿਤੱਾ ਹੈ ਕਿ ਮੈਨੂੰ ਡਰ ਹੈ ਕਿ ਕਿਤੇ ਰੱਬ ਸਾਡੇ ਕਰਮਾ ਦਾ ਫਲ ਇਸੇ ਦੁਨੀਆ ਵਿੱਚ ਹੀ ਨ ਦੇ ਦਿਤੱਾ ਹੋਵੇ ਅਤੇ ਕਿਤੇ ਅਖੀਰੀ ਜੀਵਨ ਵਿੱਚ ਜੋ ਫਲ ਹਨ ਉਹਨਾਂ ਤੋਂ ਵਾਂਝਿਆਂ ਨਾ ਕਰ ਦਿਤੱਾ ਜਾਵਾਂ । ਕਹਿਣ ਲੱਗੇ ਕਿ ਉਹ ਲੋਕ ਜੋ ਸਾਡੇ ਤੋਂ ਪਹਿਲਾਂ ਲੰਘ ਗਏ ਉਹਨਾਂ ਨੇ ਦੁਨੀਆਵੀ ਧੰਨ ਮਾਲ ਜਿਸ ਤੋਂ ਅਸੀਂ ਲਾਭ ਉਠਾ ਰਹੇ ਹਾਂ ਇਸ ਤੋਂ ਲਾਭ ਨਹੀਂ ਉਠਾਇਆ ।

ਫਿਰ ਮੁਆਜ਼ ਬਿਨ ਜਬਲ ਇਕ ਸਹਾਬੀ ਸਨ, ਉਹਨਾਂ ਬਾਰੇ ਆਉਂਦਾ ਹੈ ਕਿ ਤਹਜੁੱਦ ਪੜ੍ਹਨ ਵਾਲੇ ਤੇ ਲੰਮੀ ਇਬਾਦਤ ਕਰਨ ਵਾਲੇ ਸਨ । ਉਹਨਾਂ ਦੀ ਤਹਜੁੱਦ ਦੀ ਨਮਾਜ਼ ਦਾ ਉਹਨਾਂ ਨਾਲ ਨੇੜਤਾ ਰਖੱਣ ਵਾਲਿਆਂ ਨੇ ਇਉਂ ਚਿਤੱਰ ਖਿੱਚਿਆ ਹੈ ਕਿ ਰੱਬ ਦੀ ਹਜ਼ੂਰੀ ਅਰਜ਼ ਕਰਦੇ ਕਿ ਹੇ ਮੇਰੇ ਮੌਲਾ ਇਸ ਸਮੇਂ ਸਾਰੇ ਸੁੱਤੇ ਹੋਏ ਹਨ ਅਖੱਾਂ ਸੁੱਤੀਆਂ ਹੋਈਆਂ ਹਨ, ਹੇ ਅਲੱਾਹ ਤੂੰ ਹੱਯੋ ਕਯੂੱਮ (ਸਦਾ ਸਲਾਮਤ) ਹੈ, ਮੈਂ ਤੇਥੋਂ ਜਨੱਤ (ਸਵਰਗ) ਦਾ ਜਾਚਕ ਹੈ ਪਰ ਇਸ ਵਿੱਚ ਕੁਝ ਸੁਸਤ ਹਾਂ ਅਰਥਾਤ ਕਰਮ ਕਰਨ ਵਿੱਚ, ਢਿਲੱਾ ਹਾਂ ਅਤੇ ਅੱਗ ਤੋਂ ਦੂਰ ਭਜੱਣ ਵਿੱਚ ਕਮਜ਼ੋਰ ਤੇ ਅਸਮਰਥ ਹਾਂ । ਮੈਨੂੰ ਪਤਾ ਹੈ ਕਿ ਨਰਕ ਦੀ ਅੱਗ ਵੀ ਹੈ ਅਤੇ ਇਸ ਦੇ ਲਈ ਨੇਕੀਆਂ ਕਰਨੀਆਂ ਪੈਂਦੀਆਂ ਹਨ ਪਰ ਇਸ ਤੋਂ ਬਚਣ ਲਈ ਮੈਂ ਬਹੁਤ ਕਮਜ਼ੋਰ ਹਾਂ । ਹੇ, ਅਲੱਾਹ ! ਤੂੰ ਮੈਨੂੰ ਆਪਣੇ ਕੋਲੋਂ ਸੁਮਾਰਗ ਪ੍ਰਦਾਨ ਕਰ ।

ਇਹਨਾਂ ਸਹਾਬਾ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀਆਂ ਪਵਿਤੱਰ ਸ਼ਕਤੀਆਂ ਨੇ ਇਕ ਇਨਕਲਾਬ ਪੈਦਾ ਕਰ ਦਿਤੱਾ ਸੀ ਵਰਨਾ ਇਹ ਇਸ਼ਕ ਤੇ ਪ੍ਰੇਮ ਦੀਆਂ ਦਾਸਤਾਨਾਂ ਕਦੇ ਵੀ ਲਿੱਖੀਆਂ ਨਹੀਂ ਜਾਂਦੀਆਂ । ਰੱਬ ਖ਼ਾਤਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨਾਲ ਜੋ ਪ੍ਰੇਮ ਸੀ ਉਹ ਵੀ ਅਜਿਹਾ ਕਿ ਜਿਸ ਦੀ ਕੋਈ ਉਧਾਰਣ ਨਹੀਂ ਮਿਲਦੀ ।

ਉਹਦ ਦੀ ਜੰਗ ਵਿੱਚ ਜਿੱਥੇ ਹਜ਼ਰਤ ਤਲਹਾ ਦੇ ਇਸ਼ਕ ਤੇ ਪ੍ਰੇਮ ਦੀ ਦਾਸਤਾਨ ਦਾ ਵਰਨਣ ਮਿਲਦਾ ਹੈ ਕਿ ਕਿਵੇਂ ਉਹਨਾਂ ਨੇ ਆਪਣਾ ਹੱਥ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਮੁਬਾਰਕ ਚਿਹਰੇ ਦੇ ਸਾਹਮਣੇ ਰੱਖਿਆ ਕਿ ਕੋਈ ਤੀਰ ਆਪ ਨੂੰ ਨ ਲੱਗੇ ਓਥੇ ਹਜ਼ਰਤ ਸ਼ਮਾਸ ਨੇ ਵੀ ਮਹਾਨ ਨਿਸ਼ਚਾ ਦਿਖਾਇਆ । ਹਜ਼ਰਤ ਸ਼ਮਾਸ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸਾਹਮਣੇ ਖੜੇ ਹੋ ਗਏ ਅਤੇ ਹਰ ਹਮਲਾ ਆਪਣੇ ਉਪੱਰ ਲਿਆ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਸ਼ਮਾਸ ਬਾਰੇ ਫ਼ਰਮਾਇਆ ਕਿ ਸ਼ਮਾਸ ਨੂੰ ਜੇਕਰ ਮੈਂ ਕਿਸੇ ਚੀਜ਼ ਨਾਲ ਤੁਲਨਾ ਦਿਆਂ ਤਾਂ ਢਾਲ ਨਾਲ ਤੁਲਨਾ ਦਿਆਂਗਾ ਕਿ ਉਹ ਉਹਦ ਦੇ ਰਣਖੇਤਰ ਵਿੱਚ ਮੇਰੇ ਲਈ ਇਕ ਢਾਲ ਹੀ ਤਾਂ ਬਣ ਗਿਆ ਸੀ ਉਹ ਮੇਰੇ ਅੱਗੇ ਪਿੱਛੇ ਅਤੇ ਸੱਜੇ ਖੱਬੇ ਰੱਖਿਆ ਕਰਦਿਆਂ ਹੋਇਆਂ ਅਖ਼ੀਰ ਦੱਮ ਤੱਕ ਲੜਦਾ ਰਿਹਾ ।

ਸੱਚੀ ਗੱਲ ਕਹਿਣੀ ਤੇ ਕਿਸੇ ਤੋਂ ਨ ਡਰਨਾ ਸਹਾਬਾ ਦਾ ਸਿਧੱਾਂਤ ਸੀ ਹਜ਼ਰਤ ਸਾਈਦ ਬਿਨ ਜ਼ੈਦ ਬਾਰੇ ਆਉਂਦਾ ਹੈ ਕਿ ਇਕ ਦਿਨ ਕੂਫ਼ਾ ਵਿੱਚ ਅਮੀਰ ਮੁਆਵੀਆਹ ਦੇ ਨਿਯੁਕਤ ਕੀਤੇ ਗਵਰਨਰ ਜਾਮਾ ਮਸਜਿਦ ਵਿੱਚ ਬੈਠੇ ਸਨ । ਹਜ਼ਰਤ ਸਈਦ ਵੀ ਓਥੇ ਆਣ ਪਹੁੰਚੇ । ਗਵਰਨਰ ਨੇ ਬਹੁਤ ਸਨਮਾਨ ਤੇ ਸ਼ਾਨ ਨਾਲ ਉਹਨਾ ਦਾ ਸਵਾਗਤ ਕੀਤਾ ਆਪਣੇ ਨਾਲ ਬਿਠਇਆ । ਇਸੇ ਸਮੇਂ ਦੌਰਾਨ ਓਥੇ ਕੂਫ਼ਾ ਦਾ ਇਕ ਵਿਕਅਤੀ ਆਇਆ ਅਤੇ ਉਸ ਨੇ ਹਜ਼ਰਤ ਅਲੀ ਨੂੰ ਬੁਰਾ ਭਲਾ ਕਹਿਣਾ ਸ਼ੁਰੂ ਕਰ ਦਿਤੱਾ । ਹਜ਼ਰਤ ਸਈਦ ਉਸ'ਤੇ ਸਖ਼ਤ ਨਰਾਜ਼ ਹੋਏ ਅਤੇ ਫ਼ਰਮਾਇਆ ਕਿ ਮੈਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਤੋਂ ਸੁਣਿਆ ਹੈ ਕਿ ਅਬੂਬਕਰ, ਉਮਰ, ਉਸਮਾਨ, ਅਲੀ, ਤਲਹਾ, ਜ਼ੁਬੈਰ ਬਿਨ ਅਵਾਮ, ਸਾਅਦ, (ਅਬੂ ਉਬੈਦਾ ਬਿਨ ਜਰਾਹ) ਅਤੇ ਅਬਦੁਰ ਰਹਮਾਨ ਬਿਨ ਔਫ਼ ਸਵਰਗ ਵਿੱਚ ਹੋਣਗੇ ਅਤੇ ਕਹਿਣ ਲੱਗੇ ਕਿ ਦਸਵਾਂ ਵੀ ਹੈ ਉਸ ਦਾ ਨਾਂ ਨਹੀਂ ਲੈਂਦਾ ਜੱਦ ਜ਼ੋਰ ਦੇਕੇ ਪੁੱਛਿਆ ਗਿਆ ਤਾਂ ਦੱਸਿਆ ਕਿ ਉਹ ਦਸਵਾਂ ਮੈਂ ਅਰਥਾਤ ਸਈਦ ਬਿਨ ਜ਼ੈਦ ਹਾਂ । ਆਪ ਤੋਂ ਇਹ ਹਦੀਸ ਵੀ ਰਿਵਾਇਤ ਕੀਤੀ ਜਾਂਦੀ ਹੈ ਕਿ ਸਭ ਤੋਂ ਵਡੱਾ ਸੂਦ ਅਰਥਾਤ ਹਰਾਮ ਚੀਜ਼ ਮੁਸਲਮਾਨ ਦੇ ਸਨਮਾਨ ਉਪੱਰ ਵਿਅਰਥ ਹਮਲਾ ਹੈ । ਅੱਜ ਇਸੇ ਚੀਜ਼ ਨੂੰ ਮੁਸਲਮਾਨ ਭੁਲਾਈ ਬੈਠੇ ਹਨ ਅਤੇ ਵੱਡੇ ਪਧੱਰ ਤੋਂ ਲੈਕੇ ਛੋਟੇ ਪਧੱਰ ਤੱਕ ਅਸੀਂ ਦੇਖਦੇ ਹਾਂ ਕਿ ਮੁਸਲਮਾਨ ਮੁਸਲਮਾਨ ਦੀ ਇਜ਼ੱਤ ਉਪੱਰ ਆਪਣੇ ਹਿਤਾਂ ਲਈ ਹਮਲੇ ਕਰਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹਰ ਸਹਾਬੀ ਦਾ ਆਪਣਾ ਆਪਣਾ ਅੰਦਾਜ਼ ਹੈ ਇਸ ਮੌਕੇ ਹਜ਼ਰਤ ਉਮਰ ਨੇ ਹਜ਼ਰਤ ਸੁਹੈਬ ਨੂੰ ਕਿਹਾ ਕਿ ਤੁਸੀਂ ਅਧਿਕਤਰ ਲੋਕਾਂ ਨੂੰ ਖਾਣਾ ਆਦਿ ਖੁਆਉਂਦੇ ਹੋ ਮੈਂਨੂੰ ਡਰ ਹੈ ਕਿ ਇਸ ਵਿੱਚ ਫ਼ਜ਼ੂਲ ਖਰਚੀ ਨ ਹੁੰਦੀ ਹੋਵੇ । ਹਜ਼ਰਤ ਸੁਹੈਬ ਨੇ ਕਿਹਾ ਕਿ ਇਹ ਜੋ ਮੈਂ ਖਾਣਾ ਖੁਆਉਂਦਾ ਹਾਂ ਇਹ ਵੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਇਕ ਫ਼ਰਮਾਨ ਮੁਜਬ ਹੈ । ਆਪਨੇ ਫ਼ਰਮਾਇਆ ਕਿ ਤੁਹਾਡੇ ਵਿੱਚੋਂ ਬਿਹਤਰੀਨ ਉਹ ਲੋਕ ਹਨ ਜੋ ਲੋਕਾਂ ਨੂੰ ਖਾਣਾ ਖੁਆਉਂਦੇ ਹਨ ਅਤੇ ਸਲਾਮ ਨੂੰ ਰਿਵਾਜ ਬਣਾਉਂਦੇ ਹਨ । ਕਹਿੰਦੇ ਹਨ ਮੈਂ ਇਸ ਨਸੀਹਤ ਨੂੰ ਪੱਲੇ ਬੰਨ੍ਹ ਲਿਆ ਅਤੇ ਮੈਂ ਸਿਵਾਏ ਜਾਇਜ਼ ਲੋੜ ਦੇ ਮਾਲ ਖਰਚ ਨਹੀਂ ਕਰਦਾ, ਫ਼ਜ਼ੂਲ ਖ਼ਰਚੀ ਨਹੀਂ ਕਰਦਾ । ਹਜ਼ਰਤ ਸੁਹੈਬ ਦਾ ਸਥਾਨ ਹਜ਼ਰਤ ਉਮਰ ਦੀ ਨਜ਼ਰ ਵਿੱਚ ਵੀ ਬਹੁਤ ਵਡੱਾ ਸੀ, ਕਿਉਂਕਿ ਹਜ਼ਰਤ ਉਮਰ ਨੇ

ਆਪਣਾ ਜਨਾਜ਼ਾਹ ਹਜ਼ਰਤ ਸੁਹੈਬ ਤੋਂ ਪੜ੍ਹਾਉਣ ਦੀ ਵਸੀਯਤ ਕੀਤੀ ਸੀ ਅਤੇ ਜੱਦ ਤੱਕ ਅਗਲਾ ਖ਼ਲੀਫ਼ਾ ਨਿਯੁਕਤ ਨਹੀਂ ਹੋਇਆ ਨਮਾਜ਼ਾਂ ਦੀ ਇਮਾਮਤ ਵੀ ਇਹੋ ਕਰਵਾਉਂਦੇ ਰਹੇ ਸਨ ।

ਹਜ਼ਰਤ ਉਸਾਮਾ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਅਜ਼ਾਦ ਕੀਤੇ ਗ਼ੁਲਾਮ ਹਜ਼ਰਤ ਜ਼ੈਦ ਦੇ ਪੁਤੱਰ ਸਨ । ਹਜ਼ਰਤ ਉਸਾਮਾ ਉਹ ਖ਼ੁਸ਼ ਨਸੀਬ ਸਨ ਜਿੰਨ੍ਹਾ ਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਆਪਣੇ ਪਿਆਰ ਦਾ ਪ੍ਰਮਾਣ ਪਤੱਰ ਦਿੱਤਾ ਸੀ । ਪਰ ਜਿੱਥੇ ਤਰਬੀਯਤ ਤੇ ਧਰਮ ਦਾ ਮਾਮਲਾ ਹੈ ਓਥੇ ਕੇਵਲ ਤੇ ਕੇਵਲ ਰੱਬ ਦੇ ਆਦੇਸ਼ ਹਨ ਫਿਰ ਇਹ ਵਿਅਕਤੀਗੱਤ ਪ੍ਰੇਮ ਖ਼ਤਮ ਹੋ ਜਾਂਦਾ ਹੈ । ਇਕ ਘਟਨਾ ਇਉਂ ਹੈ ਕਿ ਜੱਦ ਜੰਗ ਵਿੱਚ ਇਕ ਕਾਫ਼ਰ ਉਸਾਮਾ ਦੇ ਸਾਹਮਣੇ ਆਇਆ ਤਾਂ ਉਸ ਨੇ ਝੱਟ ਕਲਮਾ ਪੜ੍ਹ ਦਿਤੱਾ ਪਰ ਆਪ ਨੇ ਉਸ ਨੂੰ ਫਿਰ ਵੀ ਕਤਲ ਕਰ ਦਿਤੱਾ ਕਿ ਮੌਤ ਦੇ ਡਰ ਨਾਲ ਕਲਮਾ ਪੜ੍ਹ ਰਿਹਾ ਹੈ । ਹਜ਼ਰਤ ਉਸਾਮਹ ਕਹਿੰਦੇ ਹਨ ਕਿ ਮੈਂ ਇਸ ਘਟਨਾ ਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸਾਹਮਣੇ ਵਰਨਣ ਕੀਤਾ ਤਾਂ ਆਪ ਨੇ ਫ਼ਰਮਾਇਆ ਕਿ ਤੁਸੀਂ ਉਸ ਵਿਅਕਤੀ ਨੂੰ ਕਲਮਾ ਪੜ੍ਹਨ ਦੇ ਬਾਦ ਵੀ ਕਤਲ ਕਰ ਦਿਤੱਾ ? ਮੈਂ ਬਿਨਤੀ ਕੀਤੀ ਕਿ ਉਸ ਨੇ ਕੇਵਲ ਬਚਣ ਲਈ ਕਲਮਾ ਪੜ੍ਹਿਆ ਸੀ, ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ, ਕੀ ਤੁਸੀਂ ਉਸ ਦਾ ਦਿਲ ਚੀਰਕੇ ਦੇਖ ਲਿਆ ਸੀ ਅਤੇ ਫਿਰ ਫ਼ਰਮਾਇਆ ਕੀ ਤੂੰ ਉਸ ਨੂੰ ਕਲਮਾ ਸ਼ਹਾਦਤ ਪੜ੍ਹਨ ਦੇ ਬਾਦ ਵੀ ਕਤਲ ਕਰ ਦਿਤੱਾ ? ਉਸਾਮਾ ਕਹਿੰਦੇ ਹਨ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਇਹ ਵਾਕ ਐਨ੍ਹੀ ਵਾਰ ਦਹੁਰਾਇਆ ਕਿ ਮੈਂ ਚਾਹਿਆ ਕਿ ਕਾਸ਼ ਅੱਜ ਤੋਂ ਪਹਿਲਾਂ ਮੈਂ ਮੁਸਲਮਾਨ ਨ ਹੁੰਦਾ । ਉਸਾਮਾ ਕਹਿੰਦੇ ਹਨ ਕਿ ਮੈਂ ਪ੍ਰਣ ਕਰ ਲਿਆ ਕਿ ਕਦੇ ਵੀ ਭਵਿੱਖ ਵਿੱਚ ਜੋ ਵਿਅਕਤੀ ਲਾਇਲਾਹਾ ਇਲਲੱਾਹ ਪੜ੍ਹੇਗਾ ਕਤਲ ਨਹੀਂ ਕਰਾਂਗਾ ।

ਕਾਸ਼ ਇਹ ਗਲੱਾਂ ਅੱਜ ਦੇ ਮੁਸਲਮਾਨਾ ਨੂੰ ਵੀ ਸਮਝ ਆ ਜਾਣ । ਇਸਲਾਮ ਦੇ ਨਾਂ'ਤੇ ਗ਼ੈਰਾ'ਤੇ ਜੋ ਜ਼ੁਲਮ ਕਰ ਰਹੇ ਹਨ ਉਹ ਤਾਂ ਕਰ ਹੀ ਰਹੇ ਹਨ ਆਪੋ ਵਿੱਚ ਮੁਸਲਮਾਨ ਮੁਸਲਮਾਨ ਨੂੰ ਕਤਲ ਕਰ ਰਿਹਾ ਹੈ । ਹੁਣ ਸ਼ਾਮ (ਸੀਰੀਆ) ਦੀ ਜੰਗ ਹੈ ਇਸ ਬਾਰੇ ਕਿਹਾ ਜਾਂਦਾ ਹੈ ਕਿ ਬੀਤੇ ਕਈ ਵਰ੍ਹਿਆਂ ਤੋਂ ਜੱਦ ਤੋਂ ਇਹ ਸ਼ੁਰੂ ਹੋਈ ਹੈ ਲਖੱਾਂ ਹੀ ਲੋਕ ਓਥੇ ਕਤਲ ਕਰ ਦਿੱਤੇ ਗਏ ਹਨ । ਮੁਸਲਮਾਨਾ ਨੇ ਮੁਸਲਮਾਨਾਂ ਨੂੰ ਕਤਲ ਕੀਤਾ ਹੈ । ਉਹੋ ਹੀ ਕਲਮਾ ਪੜ੍ਹਨ ਵਾਲੇ ਹਨ ਦੂਸਰੇ ਕਲਮਾ ਪੜ੍ਹਨ ਵਾਲਿਆਂ ਨੂੰ ਮਾਰ ਰਹੇ ਹਨ । ਯਮਨ ਵਿੱਚ ਕਲਮਾ ਪੜ੍ਹਨ ਵਾਲਿਆਂ ਨੂੰ ਮਾਰਿਆ ਜਾ ਰਿਹਾ ਹੈ ਹੋਰ ਅਤਿਆਚਾਰ ਜਾਰੀ ਰੱਖੇ ਹੋਏ ਹਨ ਟਾਰਚਰ ਕੀਤਾ ਜਾ ਰਿਹਾ ਹੈ । ਅਲੱਾਹ ਤਆਲਾ ਇਹਨਾਂ ਮੁਸਲਮਾਨਾਂ ਨੂੰ ਵੀ ਅਕਲ ਦੇਵੇ ਕਿ ਸਹਾਬਾ ਦੇ ਪ੍ਰੇਮ ਅਤੇ ਰਸੂਲ ਦੇ ਪ੍ਰੇਮ ਦੇ ਕੇਵਲ ਨਾਰੇ ਨ ਲਾਉਣ ਸਗੋਂ ਉਹਨਾਂ ਦੇ ਕਰਮ ਅਨੁਸਾਰ ਕਰਮ ਕਰਨ ਵਾਲੇ ਵੀ ਹੋਣ ਪਰ ਅਸਲ ਗੱਲ ਇਹ ਹੈ ਕਿ ਇਹ ਲੋਕ ਇਸਲਾਮ ਦੇ ਨਾਂ'ਤੇ ਆਪਣੇ ਹਉਮੈ ਦੀ ਤਸੱਲੀ ਕਰ ਰਹੇ ਹਨ । ਇਸਲਾਮ ਦਾ ਤਾਂ ਇਹਨਾਂ ਨੂੰ ੳ ਅ ਵੀ ਨਹੀਂ ਪਤਾ ਹੈ । ਆਪਣੀ ਵੱਡਿਆਈ ਸਿੱਧ ਕਰਨਾ ਇਹਨਾ ਦਾ ਜਤਨ ਹੈ । ਮੂੰਹ'ਤੇ ਤਾਂ ਰੱਬ ਦਾ ਨਾਂ ਹੈ ਪਰ ਦਿਲ ਵਿੱਚ ਕੇਵਲ ਅਤੇ ਕੇਵਲ ਆਪਣਾ ਆਪਾ ਹੈ । ਦੁਨੀਆ ਵਿੱਚ ਇਸ ਜ਼ਮਾਨੇ ਵਿੱਚ ਰੱਬ ਨੇ ਹਕੀਕੀ ਤਕਵਾ (ਵਾਸਤਵਿਕ ਸੰਜਮਤਾ) ਪੈਦਾ ਕਰਨ ਲਈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਭੇਜਿਆ ਹੈ । ਸੋ, ਇਹਨਾਂ ਮੁਸਲਮਾਨਾ ਦੀ ਹਾਲਤ ਦੇਖਕੇ ਤਾਂ ਸੁਧਾਰ ਨਹੀਂ ਹੋ ਸਕਦਾ ਜੱਦ ਇਕ ਕੁਬੂਲ ਨ ਕਰ ਲੈਂਣ । ਸਾਨੂੰ ਸ਼ੁਕਰਾਨਾ ਕਰਨਾ ਚਾਹੀਦਾ ਹੈ ਕਿ ਸਾਨੂੰ ਰੱਬ ਨੇ ਸੰਜੋਗ ਪ੍ਰਦਾਨ ਕੀਤਾ ਹੈ ਕਿ ਇਸ ਰਹਿਨੁਮਾ (ਮਾਰਗਦਰਸ਼ਕ) ਨੂੰ ਮੰਨਿਆ, ਜਿਸ ਨੂੰ ਰੱਬ ਨੇ ਇਸ ਜ਼ਮਾਨੇ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਸਚੱਾ ਗ਼ੁਲਾਮ ਬਣਾ ਕੇ ਭੇਜਿਆ ਹੈ । ਆਪ ਨੇ ਸਾਨੂੰ ਸਹਾਬਾ ਦੇ ਸਥਾਨ ਬਾਰੇ ਵੀ ਦੱਸਿਆ ਅਤੇ

ਉਹਨਾਂ ਦੇ ਪਿੱਛੇ ਚਲੱਣ ਲਈ ਨਸੀਹਤ ਵੀ ਕੀਤੀ । ਇਹ ਦੱਸਿਆ ਕਿ ਸਹਾਬਾ ਦੇ ਨਮੂਨੇ ਕਿਸ ਪ੍ਰਕਾਰ ਦੇ ਹਨ । ਤੁਹਾਨੂੰ ਇਹਨਾ ਆਚਰਣਾ ਨੂੰ ਸਮਝਣਾ ਚਾਹੀਦਾ ਹੈ ਅਤੇ ਇਹਨਾਂ ਦੇ ਪਿੱਛੇ ਚਲੱਣ ਦਾ ਜਤਨ ਕਰਨਾ ਚਾਹੀਦਾ ਹੈ । ਸੋ, ਇਹੋ ਇਕ ਸਾਧਨ ਹੈ ਜਿਸ ਨੂੰ ਅਸੀਂ ਆਪਣੇ ਸਾਹਮਣੇ ਰੱਖੀਏ ਅਤੇ ਆਪ ਦੀਆਂ ਗਲੱਾਂ ਨੂੰ ਸਮਝਣ ਅਤੇ ਉਹਨਾਂ'ਤੇ ਅਮਲ ਕਰਨ ਦਾ ਜਤਨ ਕਰੀਏ ਤਾਂ ਹਕੀਕੀ ਮੁਸਲਮਾਨ ਵੀ ਬਣ ਸਕਦੇ ਹਾਂ ।

ਅਲੱਾਹ ਤਆਲਾ ਸਾਨੂੰ ਤੌਫ਼ੀਕ ਦੇਵੇ ਕਿ ਅਸੀਂ ਆਪ ਦੀਆਂ ਗਲੱਾਂ ਉਪੱਰ ਅਮਲ ਕਰਦਿਆਂ ਹੋਇਆਂ ਰੱਬ ਅਤੇ ਉਸ ਦੇ ਰਸੂਲ ਦੀ ਹਕੀਕੀ ਪੈਰ੍ਹਵੀ ਕਰਨ ਵਾਲੇ ਅਤੇ ਆਦੇਸ਼ਾਂ ਉਪੱਰ ਅਮਲ ਕਰਨ ਵਾਲੇ ਹੋ ਜਾਈਏ ।

ਖ਼ੁਤਬੇ ਦੇ ਅਖੀਰ ਵਿੱਚ ਹਜ਼ੂਰ ਅਨਵਰ ਨੇ ਮੁਕਰੱਮਾ ਅਮਤੁਲ ਮਜੀਦ ਸਾਹਿਬਾ ਦੇ ਚੰਗੇ ਗੁਣਾ ਨੂੰ ਵਰਨਣ ਕੀਤਾ, ਜਿੰਨ੍ਹਾ ਦੀ 9 ਜਨਵਰੀ 2018 ਈ. ਨੂੰ ਵਫ਼ਾਤ ਹੋਈ । (اناللہ واناالیہ راجعون) ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ । ਹਜ਼ੂਰ ਅਨਵਰ ਨੇ ਜੁਮਏ ਦੀ ਨਮਾਜ਼ ਦੇ ਬਾਦ ਨਮਾਜ਼ ਜਨਾਜ਼ਾ ਹਾਜ਼ਰ ਵੀ ਪੜ੍ਹਾਈ ।

**Khulasa Khutba Jumma 12.01.2018**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131